ਵਿਸ਼ਾ - ਪੰਜਾਬੀ ਜਮਾਤ - ਅੱਠਵੀਂ...

# ਟੈਲੀਵਿਜ਼ਨ ਦੇ ਲਾਭ ਅਤੇ ਹਾਨੀਆਂ ( ਲੇਖ ਰਚਨਾ )



ਟੈਲੀਵਿਜ਼ਨ ( ਦੂਰਦਰਸ਼ਨ ) ਆਧੁਨਿਕ ਵਿਗਿਆਨ ਦੀ ਇਕ ਵਿਚਿਤਰ ਕਾਢ ਹੈ। ਇਸ ਵਿਚ ਰੇਡੀਓ ਅਤੇ ਸਿਨਮਾ ਦੋਹਾਂ ਦੇ ਗੁਣ ਭਰੇ ਹੋਏ ਹਨ। ਇਸ ਦਾ ਅਜੋਕੇ ਮਨੋਰੰਜਨ ਦੇ ਸਾਧਨਾਂ ਵਿਚ ਆਪਣਾ ਮੌਲਿਕ ਤੇ ਖਾਸ ਸਥਾਨ ਹੈ। ਜਿੱਥੇ ਰੇਡੀਓ ਰਾਹੀਂ ਸਾਡੇ ਤੱਕ ਕੇਵਲ ਆਵਾਜ਼ ਰਾਹੀਂ ਵੱਖ-ਵੱਖ ਪ੍ਰਕਾਰ ਦੇ ਪ੍ਰੋਗਰਾਮ ਪਹੁੰਚਾਏ ਜਾਂਦੇ ਹਨ, ਉੱਥੇ ਟੈਲੀਵਿਜ਼ਨ ਵਿਚ ਉਸ ਪ੍ਰੋਗਰਾਮ ਦਾ ਚਿੱਤਰ ਵੀ ਸਾਡੇ ਸਾਹਮਣੇ ਆਉਂਦਾ ਹੈ ਤੇ ਇਸ ਪ੍ਰਕਾਰ ਟੈਲੀਵਿਜ਼ਨ ਰੇਡੀਓ ਦੇ ਮੁਕਾਬਲੇ ਮਨੋਰੰਜਨ ਦਾ ਵਧੇਰੇ ਜਿਉਂਦਾ ਜਾਗਦਾ ਅਤੇ ਪ੍ਰਭਾਵਸ਼ਾਲੀ ਸਾਧਨ ਹੈ।



**ਭਾਰਤ ਵਿਚ ਟੈਲੀਵਿਜ਼ਨ** : ਭਾਰਤ ਵਿਚ ਸਭ ਤੋਂ ਪਹਿਲਾਂ ਟੈਲੀਵਿਜ਼ਨ ਇਕ ਪਰਦਰਸ਼ਨੀ ਵਿਚ ਆਇਆ ਸੀ। ਅਕਤੂਬਰ , ਸੰਨ 1959 ਵਿਚ ਡਾ. ਰਾਜਿੰਦਰ ਪ੍ਰਸਾਦ ਨੇ ਦਿੱਲੀ ਵਿਖੇ ਅਕਾਸ਼ਵਾਣੀ ਦੇ ਟੈਲੀਵਿਜ਼ਨ ਵਿਭਾਗ ਦਾ ਉਦਘਾਟਨ ਕੀਤਾ। ਪੰਜਾਬ ਵਿਚ ਸਭ ਤੋਂ ਪਹਿਲਾਂ ਅਮ੍ਰਿਤਸਰ ਵਿਖੇ ਸ਼ੁਰੂ ਹੋਇਆ ਸੀ। ਇਸ ਤੋਂ ਪਹਿਲਾਂ ਪੰਜਾਬ ਦੇ ਵਿਰਲੇ-ਵਿਰਲੇ ਘਰਾਂ ਵਿਚ ਪਾਕਿਸਤਾਨ ਤੋਂ ਲਾਹੌਰ ਟੈਲੀਵਿਜ਼ਨ ਸਟੇਸ਼ਨ ਦਾ ਪ੍ਰੋਗਰਾਮ ਦਿਲਚਸਪੀ ਨਾਲ ਦੇਖਿਆ ਜਾਂਦਾ ਸੀ। 13 ਅਪ੍ਰੈਲ, ਸੰਨ 1979 ਨੂੰ ਜਲੰਧਰ ਦਾ ਟੈਲੀਵਿਜ਼ਨ ਸਟੇਸ਼ਨ ਚਾਲੂ ਕੀਤਾ ਗਿਆ। ਜਲੰਧਰ ਅਤੇ ਅੰਮ੍ਰਿਤਸਰ ਟੈਲੀਵਿਜ਼ਨ ਕੇਂਦਰ ਸਾਰੇ ਪ੍ਰੋਗਰਾਮਾਂ ਨੂੰ ਸੰਯੁਕਤ ਰੂਪ ਵਿਚ ਪੇਸ਼ ਕਰਦੇ ਹਨ। ਇਹਨਾਂ ਟੈਲੀਵਿਜ਼ਨ ਕੇਂਦਰਾਂ ਰਾਹੀਂ ਵੱਖ-ਵੱਖ ਪ੍ਰਕਾਰ ਦੇ ਮਨੋਰੰਜਨ ਕਰਨ ਵਾਲੇ ਪ੍ਰੋਗਰਾਮ-ਫ਼ਿਲਮਾਂ, ਚਿੱਤਰਹਾਰ, ਗੀਤ, ਨਾਚ , ਨਾਟਕ, ਕਹਾਣੀਆਂ ਆਦਿ ਪੇਸ਼ ਕਰਨ

ਤੋਂ ਇਲਾਵਾ ਲੋਕਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਵਾਲੇ, ਵਿੱਦਿਅਕ ਤੇ ਤਰੱਕੀ ਵਿਚ ਮਦਦ ਕਰਨ ਵਾਲੇ ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ ।



ਟੈਲੀਵਿਜ਼ਨ ਦੇ ਅੱਜ ਦੇ ਮਨੁੱਖ ਨੂੰ ਬਹੁਤ ਸਾਰੇ ਲਾਭ ਹਨ, ਜੋ ਕਿ ਹੇਠਾਂ ਲਿਖੇ ਹਨ :-

ਦੂਰ-ਦੁਰਾਡੇ ਦੇ ਪ੍ਰੋਗਰਾਮ ਨੂੰ ਨਾਲੋ-ਨਾਲ ਦੇਖ ਸਕਣਾ : ਟੈਲੀਵਿਜ਼ਨ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਸ ਦੁਆਰਾ ਅਸੀਂ ਘਰ ਬੈਠਿਆਂ ਦੁਨੀਆਂ ਅਤੇ ਦੇਸ਼ ਦੇ ਵੱਖ-ਵੱਖ ਥਾਵਾਂ ਉੱਪਰ ਹੋ ਰਹੇ ਸਮਾਰੋਹਾਂ, ਮੈਚਾਂ ਤੇ ਉਤਸਵਾਂ ਨੂੰ ਨਾਲੋ-ਨਾਲ ਪਰਦੇ `ਤੇ ਉੱਪਰ ਦੇਖ ਸਕਦੇ ਹਾਂ।

ਮਨਪਰਚਾਵੇ ਦਾ ਸਾਧਨ : ਟੈਲੀਵਿਜ਼ਨ ਅੱਜ ਦੇ ਮਨੁੱਖ ਦੇ ਮਨਪਰਚਾਵੇ ਦਾ ਵੱਡਾ ਸਾਧਨ ਹੈ । ਘਰ ਬੈਠੇ ਹੀ ਅਸੀਂ ਪੁਰਾਣੀਆਂ

ਫ਼ਿਲਮਾਂ, ਨਾਟਕ, ਮੈਚ, ਭਾਸ਼ਣ, ਨਾਚ, ਗਾਣੇ ਦੇਖਦੇ ਤੇ ਸੁਣਦੇ ਹਾਂ ਤੇ ਇਸ ਪ੍ਰਕਾਰ ਆਪਣਾ ਮਨ ਪਰਚਾਉਂਦੇ ਹਾਂ ।

ਜਾਣਕਾਰੀ ਅਤੇ ਗਿਆਨ ਦਾ ਸਰੋਤ : ਇਸ ਰਾਹੀਂ ਸਾਨੂੰ ਵੱਖੋ-ਵੱਖ ਭਲਾਈ ਕੰਮਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ । ਇਸ ਰਾਹੀਂ ਕਈ ਚੀਜ਼ਾਂ ਦੀ ਪ੍ਰਦਰਸ਼ਨੀ ਪੇਸ਼ ਕੀਤੀ ਜਾਂਦੀ ਹੈ, ਜਿਨ੍ਹਾਂ ਤੋਂ ਅਸੀਂ ਕਈ ਤਰਾਂ ਦੀ ਵਿਹਾਰਿਕ ਜਾਣਕਾਰੀ ਲੈਂਦੇ ਹਾਂ।

ਕਾਰੋਬਾਰੀ ਲਾਭ: ਇਸ ਰਾਹੀਂ ਵਪਾਰੀ ਲੋਕ ਆਪਣੇ ਮਾਲ ਦੀ ਮਸ਼ਹੂਰੀ ਕਰ ਕੇ ਲਾਭ ਕਮਾਉਂਦੇ ਹਨ, ਜਿਸ ਨਾਲ ਮੰਗ ਵੱਧਦੀ ਹੈ ਤੇ ਦੇਸ਼ ਵਿਚ ਮਾਲ ਉਤਪਾਦਨ ਵਿਚ ਵਾਧਾ ਹੁੰਦਾ ਹੈ।

ਖ਼ਬਰਾਂ ਦੀ ਜਾਣਕਾਰੀ: ਇਸਦਾ ਵੱਡਾ ਲਾਭ ਤਾਜ਼ੀਆਂ ਵਾਪਰੀਆਂ ਘਟਨਾਵਾਂ ਦੀ ਜਾਣਕਾਰੀ ਦੇਣਾ ਹੈ । ਭਾਵੇਂ ਇਹ ਕੰਮ ਅਖ਼ਬਾਰਾਂ ਵੀ ਕਰਦੀਆਂ ਹਨ, ਪਰ ਅਖਬਾਰਾਂ ਬੀਤੇ ਦਿਨ ਦੀਆਂ ਖ਼ਬਰਾਂ ਦਿੰਦੀਆਂ ਹਨ, ਜਦ ਕਿ ਟੈਲੀਵਿਜ਼ਨ ਰੇਡੀਓ ਵਾਂਗ ਸਾਨੂੰ ਉਸੇ ਦਿਨ ਹੋਈਆਂ ਜਾਂ ਕੁਝ ਸਮਾਂ ਪਹਿਲਾਂ ਵਾਪਰੀਆਂ ਘਟਨਾਵਾਂ ਸੰਬੰਧੀ ਖ਼ਬਰਾਂ ਤੇ ਤਸਵੀਰਾਂ ਸਹਿਤ ਗਿਆਨ ਦਿੰਦਾ ਹੈ।

**ਰੁਜ਼ਗਾਰ ਦਾ ਸਾਧਨ :** ਇਸ ਦਾ ਅਗਲਾ ਵੱਡਾ ਲਾਭ ਇਹ ਹੈ ਕਿ ਟੈਲੀਵਿਜ਼ਨ ਸਟੇਸ਼ਨ ਉੱਤੇ ਬਹੁਤ ਸਾਰੇ ਕਲਾਕਾਰਾਂ ਨੂੰ ਰੁਜ਼ਗਾਰ ਮਿਲਦਾ ਹੈ।



**ਟੈਲੀਵਿਜ਼ਨ ਦੇ ਨੁਕਸਾਨ :** ਜਿੱਥੇ ਟੈਲੀਵਿਜ਼ਨ ਦੇ ਬਹੁਤ ਸਾਰੇ ਫਾਇਦੇ ਹਨ, ਉੱਥੇ ਇਸ ਦੇ ਕੁਝ ਨੁਕਸਾਨ ਵੀ ਹਨ। ਇਸ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਹ ਸੁਆਦਲੇ ਤੇ ਵੰਨਸੁਵੰਨੇ ਪ੍ਰੋਗਰਾਮ ਦੇ ਕੇ ਬੰਦੇ ਦਾ ਬਹੁਤ ਸਾਰਾ ਸਮਾਂ ਬੇਕਾਰ ਕਰਦਾ ਹੈ। ਟੈਲੀਵਿਜ਼ਨਾਂ ਨੇ ਗਲੀ-ਮੁਹੱਲਿਆਂ ਵਿਚ ਰੌਲੇ-ਰੱਪੇ ਨੂੰ ਵੀ ਵਧਾਇਆ ਹੈ ਤੇ ਸ਼ਾਮ ਵੇਲੇ ਲੋਕਾਂ ਦੇ ਮੇਲ ਮਿਲਾਪ ਨੂੰ ਘਟਾਇਆ ਹੈ। ਇਸ ਦੇ

ਪਰਦੇ ਦੀ ਤੇਜ਼ ਰੌਸ਼ਨੀ ਅੱਖਾਂ ਦੀ ਨਜ਼ਰ ਉੱਪਰ ਵੀ ਮਾੜਾ ਅਸਰ ਪਾਉਂਦੀ ਹੈ ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਟੈਲੀਵਿਜ਼ਨ ਆਧੁਨਿਕ ਵਿਗਿਆਨ ਦੀ ਇਕ ਅਨੋਖੀ ਖੋਜ ਹੈ । ਭਾਰਤ ਵਿਚ ਟੈਲੀਵਿਜ਼ਨ ਦੇ ਵਿਕਾਸ ਲਈ ਕਾਫੀ ਓਪਰਾਲੇ ਕੀਤੇ ਜਾ ਰਹੇ ਹਨ । ਟੈਲੀਵਿਜ਼ਨ ਦੇ ਵਿਕਾਸ ਤੋਂ ਬਿਨਾਂ ਅੱਜ ਦਾ ਸੱਭਿਆਚਾਰ ਤਰੱਕੀ ਨਹੀਂ ਕਰ ਸਕਦਾ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529★

★ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ★